# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ,ਸਿੱ), ਬਠਿੰਡਾ

ਵੱਲ

ਸਮੂਹ ਸਕੂਲ ਮੁੱਖੀ
ਸਰਕਾਰੀ/ਏਡਿਡ/ਪ੍ਰਾਈਵੇਟ/ ਮਾਨਤਾ ਪ੍ਰਾਪਤ
ਜਿਲ੍ਹਾ ਬਠਿੰਡਾ

ਪੱਤਰ ਨੰ :- ਜਿਲ੍ਹਾ ਖੇਡ ਕੋਆਰਡੀਨੇਟਰ/2023/150 ਮਿਤੀ :- 14-08-2023

ਵਿਸ਼ਾ:- ਜੋਨ ਸਕੂਲ ਖੇਡਾਂ 2023-24 ਖੇਡਾਂ ਕਰਵਾਉਣ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸਮੂਹ ਸਕੂਲ ਮੁੱਖੀ ਜਿਲ੍ਹਾ ਬਠਿੰਡਾ ਨੂੰ ਲਿਖਿਆ ਜਾਂਦਾ ਹੈ ਕਿ **ਮਿਤੀ 21-08-2023 ਤੋ 26-08-2023 ਤੱਕ ਜਿਲ੍ਹਾਂ ਬਠਿੰਡਾ ਦੇ ਵੱਖ ਵੱਖ ਜੋਨਾਂ ਵਿੱਚ ਜੋਨਲ ਸਕੂਲ ਖੇਡ ਮੁਕਾਬਲੇ 2023-24 ਮੁਕੰਮਲ ਕਰਵਾ ਲਏ ਜਾਣ**। ਅਤੇ ਜਿਲ੍ਹਾ ਖੇਡਾਂ ਲਈ ਸਮਰੀ ਸ਼ੀਟਾ ਮਿਤੀ 31/08/2023 ਤੱਕ ਤਿਆਰ ਕਰ ਲਈਆ ਜਾਣ। ਪੱਤਰ ਜੋਨਲ ਪ੍ਰਧਾਨ/ ਜੋਨਲ ਸੱਕਤਰ ਅਤੇ ਸਰੀਰਿਕ ਸਿੱਖਿਆ ਅਧਿਆਪਕਾ ਨੂੰ ਸੂਚਨਾ ਅਤੇ ਕਾਰਵਾਈ ਲਈ ਭੇਜਿਆ ਜਾਦਾ ਹੈ ।

ਨੋਟ

1. ਮੁਕਾਬਲੇ ਖੇਡ ਨੀਤੀ 2023 ਅਨੁਸਾਰ ਹੀ ਕਰਵਾਏ ਜਾਣ ।
2. ਸਮਰੀ ਸ਼ੀਟ ਦੀ ਕਾਪੀ ਪੱਤਰ ਨਾਲ ਨੱਥੀ ਹੈ। 4 ਪੜਤਾ ਵਿੱਚ
3. ਸਮਰੀ ਸ਼ੀਟ ਵਿੱਚ ਕੋਈ ਕੱਟਿੰਗ ਨਾ ਕੀਤੀ ਜਾਵੇ।
4. ਜਿਹੜੇ ਸਰੀਰਿਕ ਸਿੱਖਿਆ ਅਧਿਆਪਕ ਆਫੀਸ਼ਲ ਡਿਊਟੀ ਤੇ ਹੋਣਗੇ, ਉਹਨਾਂ ਦੇ ਸਕੂਲ ਮੁੱਖੀ ਖਿਡਾਰੀਆ ਨਾਲ ਵੱਖਰੇ ਤੋਰ ਤੇ ਅਧਿਆਪਕ ਨੂੰ ਭੇਜਣਾ ਯਕੀਨੀ ਬਣਾਉਣ।
5. ਖਿਡਾਰੀਆ ਵਿੱਚ ਅਨੁਸ਼ਾਸ਼ਨ ਦੀ ਜਿੰਮੇਵਾਰੀ ਡਿਊਟੀ ਅਧਿਆਪਕ ਦੀਹੋਵੇਗੀ।
6. ਲੜਕੀਆ ਨਾਲ ਇਸਤਰੀ ਅਧਿਆਪਕ ਦਾ ਹੋਣਾ ਯਕੀਨੀ ਬਣਾਇਆ ਜਾਵੇ।
7. ਜੋਨਲ ਪ੍ਰਧਾਨ ਖਿਡਾਰੀਆ ਦੇ ਬੈਠਣ,ਸੁੱਰਖਿਆ, ਮੈਡੀਕਲ ਅਤੇ ਪਾਣੀ ਦਾ ਵਿਸ਼ੇਸ਼ ਧਿਆਨ ਰੱਖਣ।
8. ਖਿਡਾਰੀਆ ਨੂੰ ਸਰਟੀਫਿਕੇਟ ਵੰਡ ਦਾ ਕੰਮ ਵੀ ਨਾਲ ਹੀ ਮੁਕੰਮਲ ਕੀਤਾ ਜਾਵੇ ।
9. ਜੋਨਲ ਪ੍ਰਧਾਨ 25000 ਹਜਾਰ ਐਡਵਾਸ ਰਾਸ਼ੀ ਲਈ ਜੋਨਲ ਟੂਰਨਾਮੈਟ ਕਮੇਟੀ ਦਾ ਖਾਤਾ ਨੰ ਸਮੇਤ ਬੈਕ ਦੇ ਵੇਰਵੇ ਮਿਤੀ 18/08/2023 ਤੱਕ ਦਫਤਰ ਦੇ ਕਮਰਾ ਨੰ 448 ਵਿੱਚ ਜਮ੍ਹਾਂ ਕਰਵਾਉਣਗੇ।
10. ਜੋਨਲ ਪ੍ਰਧਾਨ ਖੇਡਾਂ ਦਾ ਰਿਕਾਰਡ ਆਪਣੀ ਨਿਗਰਾਨੀ ਵਿੱਚ ਰੱਖਣਾ ਯਕੀਨੀ ਬਣਾਉਣ।
11. ਆਫੀਸ਼ਲ ਡਿਊਟੀ ਵਾਲੇ ਅਧਿਆਪਕ **ਜੋਨਲ ਪ੍ਰਧਾਨ ਤੋ ਰਿਲੀਵਿੰਗ** ਉਪਰੰਤ ਹੀ ਆਪਣੇ ਸਕੂਲ ਵਿੱਚ ਹਾਜਰ ਹੋਣਗੇ।
12. ਖਿਡਾਰੀਆ ਦੀ ਸਿਲੈਕਸ਼ਨ ਮੈਰਿਟ ਅਨੁਸਾਰ ਕੀਤੀ ਜਾਵੇ ਉਤਮ ਖਿਡਾਰੀ ਨੂੰ ਪਹਿਲੇ ਲੜੀ ਨੰ ਤੇ ਲਿਖਿਆ ਜਾਵੇ।
13. ਪਲੇਇੰਗ ਖਿਡਾਰੀਆ ਵਿੱਚੋ ਹੀ(ਜਿਲ੍ਹਾ ਪੱਧਰੀ) ਖਿਡਾਰੀਆ ਦੀ ਚੋਣ ਕੀਤੀ ਜਾਵੇ।
14. ਹਰੇਕ ਸਰੀਰਿਕ ਸਿੱਕਿਆ ਅਧਿਆਪਕ ਲਈ ਕਿਸੇ ਵੀ ਟੂਰਨਾਮੈਟ ਵਿੱਚ ਲਗਾਈ ਗਈ ਹੈ ਉਹ ਡਿਊਟੀ ਤੇ ਹਾਜਰੀ ਯਕਨਿ ਬਣਾਉਣਗੇ , ਡਿਊਟੀ ਤੋ ਇਨਕਾਰ ਕਰਨ ਤੇ ਸੰਬੰਧਤ ਕਰਮਚਾਰੀ ਵਿੱਰੁਧ ਪੰਜਾਬ ਸਿਵਲ ਸੇਵਾਂਵਾ ਨਿਸ਼ਮਾਵਲੀ 1970 ਉਪਬੰਧ ਅਨੁਸਾਰ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ ।

ਜਿ.ਖੇ.ਕੋ
ਬਠਿੰਡਾ

14/08/23
ਜਿਲ੍ਹਾ ਸਿੱਖਿਆ ਅਫਸਰ (ਸੈ,ਸਿੱ)
ਬਠਿੰਡਾ

Scanned with OKEN Scanner